May-July 2009
Vol. 18 No. 108

# ਸੰਵਾਦ
# SANVAD

Canada's Leading Punjabi Journal Of Substance Published Since 1989

## ਕੈਨੇਡਾ ਮੇਰਾ ਦੇਸ਼ - ਵਿਸ਼ੇਸ਼ ਅੰਕ
## Canada My Country - Special Issue




ਅੰਦਰ ਪੜ੍ਹੋ

ਕਵਿਤਾਵਾਂ

ਗ਼ਜ਼ਲਾਂ

ਪੈਰੋਡੀ

ਕੈਨੇਡਾ ਦੇ ਸੁਪਣੇ ਅਤੇ ਹਕੀਕਤਾਂ

ਦਿਲਚਸਪ ਮੁਲਾਕਾਤਾਂ

ਕੈਨੇਡਾ ਮੇਰਾ ਦੇਸ਼

## ਮਨੁੱਖੀ ਰਿਸ਼ਤਿਆਂ ਦਾ ਯਥਾਰਥ

ਵਿਸ਼ਵ ਪੰਜਾਬੀ ਕਾਨਫਰੰਸ 2009 ਟੋਰਾਂਟੋ ਲਈ ਮੁਬਾਰਕਾਂ

## ਮੁਲਾਕਾਤ :



# ਜੋਗਾ ਚਾਹਲ

## ਵਾਈਸ ਪਰੈਜ਼ੀਡੈਂਟ, ਕੈਨੇਡੀਅਨ ਐਸੋਸੀਏਸ਼ਨ ਆਫ ਸਾਊਥ ਏਸ਼ੀਅਨ ਲਾਇਰਜ਼

## -ਸੁਖਿੰਦਰ

■ **ਜੋਗਾ ਜੀ, ਕੈਨੇਡੀਅਨ ਐਸੋਸੀਏਸ਼ਨ ਆਫ ਸਾਊਥ ਏਸ਼ੀਅਨ ਲਾਇਰਜ਼ ਕਦੋਂ ਹੋਂਦ ਵਿੱਚ ਆਈ ਸੀ ਅਤੇ ਹੁਣ ਤੱਕ ਕਿੰਨ੍ਹੇ ਸਾਊਥ ਏਸ਼ੀਅਨ ਵਕੀਲ ਇਸ ਐਸੋਸੀਏਸ਼ਨ ਨਾਲ ਜੁੜ ਚੁੱਕੇ ਹਨ?**

□ ਸਾਡੀ ਇਹ ਐਸੋਸੀਏਸ਼ਨ ਕੈਨੇਡਾ ਪੱਧਰ ਉੱਤੇ ਕੰਮ ਕਰ ਰਹੀ ਹੈ. ਮੇਰੇ ਅੰਦਾਜ਼ੇ ਮੁਤਾਬਕ ਇਸਦੇ ਮੈਂਬਰਾਂ ਦੀ ਗਿਣਤੀ ਤਕਰੀਬਨ 1,000 ਦੇ ਕਰੀਬ ਹੋਵੇਗੀ. ਜੀਟੀਏ ਦੇ ਏਰੀਏ ਵਿੱਚ ਵੀ ਤਕਰੀਬਨ 400-500 ਤਾਂ ਮੈਂਬਰ ਹੋਣਗੇ ਹੀ. ਸਾਡੇ ਐਕਟਿਵ ਮੈਂਬਰ 100 ਤੋਂ ਉਪਰ ਹਨ. ਪਰ ਅਸੀਂ ਸਾਰੇ ਸਾਊਥ ਏਸ਼ੀਅਨ ਲਾਇਰਜ਼ ਦੀ ਪ੍ਰਤੀਨਿਧਤਾ ਕਰਦੇ ਹਾਂ. ਇਹ ਐਸੋਸੀਏਸ਼ਨ 4 ਨਵੰਬਰ, 2006 ਨੂੰ ਹੋਂਦ ਵਿੱਚ ਆਈ ਸੀ. ਅਸੀਂ ਟੋਰਾਂਟੋ ਵਿੱਚ ਸਾਊਥ ਏਸ਼ੀਅਨ ਵਕੀਲਾਂ ਦੀ ਇੱਕ ਮੀਟਿੰਗ ਸੱਦੀ ਸੀ ਹਾਵਰਡ ਜਾਹਨਸਨ ਟੋਰਾਂਟੋ ਈਸਟ ਹੋਟਲ ਵਿੱਚ. ਜਿਸ ਵਿੱਚ ਵਕੀਲਾਂ ਤੋਂ ਇਲਾਵਾ ਕੁਝ ਜੱਜ ਅਤੇ ਕਾਨੂੰਨੀ ਵਿੱਦਿਆ ਪ੍ਰਾਪਤ ਕਰ ਰਹੇ ਵਿਦਿਆਰਥੀ ਵੀ ਸ਼ਾਮਿਲ ਹੋਏ ਸਨ. ਉਸ ਮੀਟਿੰਗ ਵਿੱਚ ਤਕਰੀਬਨ 60 ਵਕੀਲ ਸ਼ਾਮਿਲ ਹੋਏ ਸਨ. ਉਸ ਮੀਟਿੰਗ ਵਿੱਚ ਇਸ ਗੱਲ ਉੱਤੇ ਵਿਚਾਰ ਕੀਤਾ ਗਿਆ ਸੀ ਕਿ ਇੱਕ ਸਾਊਥ ਏਸ਼ੀਅਨ ਲਾਇਰਜ਼ ਦੀ ਐਸੋਸੀਏਸ਼ਨ ਬਣਾਈ ਜਾਵੇ. ਬਹੁਤ ਸਾਰੇ ਸਾਊਥ ਏਸ਼ੀਅਨ ਮੂਲ ਦੇ ਵਕੀਲਾਂ ਵੱਲੋਂ ਸਾਨੂੰ ਇਹ ਸੁਝਾਅ ਆਏ ਸਨ ਕਿ ਸਾਊਥ ਏਸ਼ੀਅਨ ਵਕੀਲਾਂ ਦੀ ਕੈਨੇਡਾ ਵਿੱਚ ਕੋਈ ਐਸੋਸੀਏਸ਼ਨ ਨਹੀਂ ਹੈ. ਸੋ ਅਜਿਹੀ ਕੋਈ ਐਸੋਸੀਏਸ਼ਨ ਬਣਾਈ ਜਾਣੀ ਚਾਹੀਦੀ ਹੈ. ਇਸ ਐਸੋਸੀਏਸ਼ਨ ਨੂੰ ਹੋਂਦ ਵਿੱਚ ਆਈ ਨੂੰ ਹੁਣ ਤਿੰਨ ਸਾਲ ਹੋ ਚੁੱਕੇ ਹਨ. ਸਾਡੇ ਬੋਰਡ ਆਫ ਡਾਇਰੈਕਟਰਜ਼ ਹਨ - ਸਾਡੀ ਐਗਜ਼ਿਕਿਊਟਿਵ ਕਮੇਟੀ ਵੀ ਹੈ.

■ **ਤੁਹਾਡੀ ਐਸੋਸੀਏਸ਼ਨ ਵਿੱਚ ਜਿਹੜੇ ਵਕੀਲ ਹਨ ਉਹ ਸਿਰਫ ਓਨਟਾਰੀਓ ਵਿੱਚ ਰਹਿਣ ਵਾਲੇ ਹਨ ਜਾਂ ਕਿ ਕੈਨੇਡਾ ਦੇ ਹੋਰਨਾਂ ਪ੍ਰਾਂਤਾਂ ਵਿੱਚ ਰਹਿਣ ਵਾਲੇ ਵਕੀਲ ਵੀ ਇਸ ਸੰਸਥਾ ਵਿੱਚ ਸ਼ਾਮਿਲ ਹੋ ਸਕਦੇ ਹਨ?**

□ ਤੁਸੀਂ ਦੇਖੋ ਸਾਡੀ ਐਸੋਸੀਏਸ਼ਨ ਦਾ ਨਾਮ ਹੈ: ਕੈਨੇਡੀਅਨ ਐਸੋਸੀਏਸ਼ਨ ਆਫ਼ ਸਾਊਥ ਏਸ਼ੀਅਨ ਲਾਇਰਜ਼. ਇਹ ਐਸੋਸੀਏਸ਼ਨ ਕੈਨੇਡਾ ਪੱਧਰ ਉੱਤੇ ਸਰਗਰਮ ਹੈ. ਇਹ ਐਸੋਸੀਏਸ਼ਨ ਸਿਰਫ ਓਨਟਾਰੀਓ ਦੇ ਵਕੀਲਾਂ ਦੀ ਹੀ ਐਸੋਸੀਏਸ਼ਨ ਨਹੀਂ. ਅਸੀਂ ਕਿਉਂਕਿ ਓਨਟਾਰੀਓ ਵਿੱਚ ਸਥਿਤ ਹਾਂ- ਇਸ ਲਈ ਸਾਡੀ ਐਗਜ਼ਿਕਿਊਟਿਵ ਵਿੱਚ ਮੈਂਬਰ ਜੀਟੀਏ ਤੋਂ ਹੀ ਹਨ. ਵਧੇਰੇ ਗਿਣਤੀ ਵਕੀਲਾਂ ਦੀ ਓਨਟਾਰੀਓ ਵਿੱਚੋਂ ਹੀ ਹੈ ਪਰ ਹੋਰਨਾਂ ਪ੍ਰਾਂਤਾਂ ਵਿੱਚ ਕੰਮ ਕਰ ਰਹੇ ਸਾਊਥ ਏਸ਼ੀਅਨ ਵਕੀਲ ਵੀ ਸਾਡੀ ਐਸੋਸੀਏਸ਼ਨ ਦੇ ਮੈਂਬਰ ਹਨ. ਬੀਸੀ ਤੋਂ ਵੀ ਮੈਂਬਰ ਹਨ. ਅਲਬਰਟਾ ਤੋਂ ਵੀ ਮੈਂਬਰ ਹਨ. ਸਾਡਾ ਜਿਹੜਾ ਨਿਸ਼ਾਨਾ ਹੈ ਉਹ ਇਸ ਐਸੋਸੀਏਸ਼ਨ ਦਾ ਸਾਰੇ ਕੈਨੇਡਾ ਵਿੱਚ ਪਾਸਾਰ ਕਰਨਾ ਹੈ. ਭਾਵੇਂ ਕਿ ਅਜੇ ਇਸ ਐਸੋਸੀਏਸ਼ਨ ਦੇ ਵਧੇਰੇ ਮੈਂਬਰ ਓਨਟਾਰੀਓ ਵਿੱਚੋਂ ਹੀ ਹਨ.

■ **ਕੀ ਤੁਹਾਡਾ ਭਾਵ ਹੈ ਕਿ ਤੁਹਾਡੀ ਐਸੋਸੀਏਸ਼ਨ ਦਾ ਮੁੱਖ ਦਫਤਰ ਭਾਵੇਂ ਓਨਟਾਰੀਓ ਵਿੱਚ ਹੀ ਹੋਵੇਗਾ ਪਰ ਇਸਦੇ ਮੈਂਬਰ ਕੈਨੇਡਾ ਦੇ ਕਿਸੇ ਵੀ ਪ੍ਰਾਂਤ ਵਿੱਚ ਸਰਗਰਮ ਵਕੀਲ ਬਣ ਸਕਦੇ ਹਨ?**

□ ਹਾਂ ਜੀ. ਮੈਂਬਰ ਕਿਤੋਂ ਵੀ ਬਣ ਸਕਦੇ ਹਨ. ਜੇਕਰ ਤੁਸੀਂ ਸਾਊਥ ਏਸ਼ੀਅਨ ਮੂਲ ਦੇ ਵਕੀਲ ਹੋ ਤਾਂ ਤੁਸੀਂ ਇਸ ਐਸੋਸੀਏਸ਼ਨ ਦੇ ਮੈਂਬਰ ਬਣ ਸਕਦੇ ਹੋ; ਚਾਹੇ ਤੁਸੀਂ ਕੈਨੇਡਾ ਦੇ ਕਿਸੇ ਵੀ ਹਿੱਸੇ ਵਿੱਚ ਵਕਾਲਤ ਕਰ ਰਹੇ ਹੋਵੋ.

■ **ਤੁਹਾਡੀ ਐਸੋਸੀਏਸ਼ਨ ਦੇ ਮੂਲ ਉਦੇਸ਼ ਕੀ ਹਨ?**

□ ਇਸ ਦੇ ਮੂਲ ਉਦੇਸ਼ ਹਨ: ਜਿਹੜੇ ਵਕੀਲ ਹਨ, ਜੱਜ ਹਨ, ਉਨ੍ਹਾਂ ਲਈ ਪਰੋਫੈਸ਼ਨਲ ਔਰਗੇਨਾਈਜ਼ੇਸ਼ਨ ਹੋਵੇ ਜਿੱਥੋਂ ਉਹ ਕਿਸੇ ਕਿਸਮ ਦੀ ਵੀ ਮੱਦਦ ਪ੍ਰਾਪਤ ਕਰ ਸਕਦੇ ਹਨ. ਜਿਸ ਮੱਦਦ ਨੂੰ ਮੈਂ ਪਰੋਫੈਸ਼ਨਲ ਮੱਦਦ ਕਹਿੰਦਾ ਹਾਂ. ਜਿਵੇਂ ਕੋਈ ਮਸਲਾ ਆ ਗਿਆ, ਕੋਈ ਸਮੱਸਿਆ ਆ ਗਈ, ਕਿਸੀ ਕਿਸਮ ਦੀ ਜਾਣਕਾਰੀ ਚਾਹੀਦੀ ਹੈ. ਉਹ ਸਾਨੂੰ ਬਿਨੈ ਕਰ ਸਕਦੇ ਹਨ...ਦੂਜਾ ਸਾਡਾ ਉਦੇਸ਼ ਹੈ ਵਿੱਦਿਆ ਦੇਣੀ...ਨਾ ਸਿਰਫ ਸਾਊਥ ਏਸ਼ੀਅਨ ਵਕੀਲਾਂ ਨੂੰ ਹੀ ਬਲਕਿ ਆਮ ਲੋਕਾਂ ਨੂੰ ਵੀ ਵਿੱਦਿਆ ਦੇਣੀ...ਕਿਉਂਕਿ ਵਿੱਦਿਆ ਤਾਂ ਮਨੁੱਖ ਸਾਰੀ ਉਮਰ ਹੀ ਪ੍ਰਾਪਤ ਕਰਦਾ ਰਹਿੰਦਾ ਹੈ...ਇਹ ਕੋਈ ਇੱਕ ਦਿਨ ਦੀ ਗੱਲ ਨਹੀਂ. ਅਸੀਂ ਚਾਹੁੰਦੇ ਹਾਂ ਕਿ ਸਾਊਥ ਏਸ਼ੀਅਨ ਮੂਲ ਦੇ ਲੋਕ ਜਿਨ੍ਹਾਂ ਸਮੱਸਿਆਵਾਂ ਦਾ, ਜਿਨ੍ਹਾਂ ਮਸਲਿਆਂ ਦਾ, ਸਾਹਮਣਾ ਕਰ ਰਹੇ ਹਨ. ਉਨ੍ਹਾਂ ਬਾਰੇ ਅਸੀਂ ਉਨ੍ਹਾਂ ਨੂੰ ਜਾਣਕਾਰੀ ਦੇਈਏ. ਜਿਵੇਂ ਕਿ ਆਪਣੇ ਨੌਜੁਵਾਨ ਮਰਦਾਂ/ਔਰਤਾਂ ਵਿੱਚ ਹਿੰਸਾ ਵੱਧ ਰਹੀ ਹੈ...ਡੋਡਿਆਂ ਦੀ ਲੋਕ ਬਹੁਤ ਜ਼ਿਆਦਾ ਵਰਤੋਂ ਕਰਨ ਲੱਗ ਪਏ ਹਨ...ਅਸੀਂ ਚਾਹੁੰਦੇ ਹਾਂ ਕਿ ਅਸੀਂ ਸੈਮੀਨਾਰ ਕਰਕੇ ਆਮ ਜਨਤਾ ਨੂੰ ਦੱਸੀਏ ਕਿ ਜੇਕਰ ਕਦੀ ਤੁਸੀਂ ਅਜਿਹੀਆਂ ਸਮੱਸਿਆਵਾਂ ਵਿੱਚ ਘਿਰ ਜਾਓ ਤਾਂ ਕਾਨੂੰਨੀ ਤੌਰ ਉੱਤੇ ਤੁਹਾਨੂੰ ਕਿਸ ਕਿਸਮ ਦੀ ਮੱਦਦ ਮਿਲ ਸਕਦੀ ਹੈ...ਜੇਕਰ ਤੁਸੀਂ ਕੋਈ ਅਜਿਹੀ ਗਲਤੀ ਕਰ ਲਈ ਤਾਂ ਕਾਨੂੰਨੀ ਤੌਰ ਉੱਤੇ ਤੁਹਾਨੂੰ ਕਿਸ ਕਿਸਮ ਦੀ ਸਜ਼ਾ ਮਿਲ ਸਕਦੀ ਹੈ.

■ **ਤੁਸੀਂ ਇਨ੍ਹਾਂ ਉਦੇਸ਼ਾਂ ਦੀ ਕਿਸ ਤਰ੍ਹਾਂ ਪ੍ਰਾਪਤੀ ਕਰਨੀ ਚਾਹੁੰਦੇ ਹੋ?**

□ ਇਨ੍ਹਾਂ ਉਦੇਸ਼ਾਂ ਦੀ ਪੂਰਤੀ ਲਈ ਅਸੀਂ ਆਪਣੇ ਵਕੀਲਾਂ ਨੂੰ ਵਿੱਦਿਆ ਦੇਣ ਦਾ ਸਿਲਸਿਲਾ ਨਿਰੰਤਰ ਜਾਰੀ ਰੱਖਾਂਗੇ. ਜਿਵੇਂ ਕਿ ਜਿਹੜੇ ਸਾਊਥ ਏਸ਼ੀਅਨ ਮੂਲ ਦੇ ਵਕੀਲ ਕਰਿਮਨਲ ਲਾਅ ਵਿੱਚ ਸਰਗਰਮ ਹਨ ਜਾਂ ਇਮੀਗਰੇਸ਼ਨ ਲਾਅ ਵਿੱਚ ਸਰਗਰਮ ਹਨ ਜਾਂ ਪਰਸਨਲ ਲਾਅ ਵਿੱਚ ਸਰਗਰਮ ਹਨ ਜਾਂ ਫੈਮਿਲੀ ਲਾਅ ਵਿੱਚ ਸਰਗਰਮ ਹਨ - ਉਨ੍ਹਾਂ ਨੂੰ ਸੈਮੀਨਾਰ ਦੇਣੇ ਹਨ- ਸਾਊਥ ਏਸ਼ੀਅਨ ਮੂਲ ਦੇ ਵਕੀਲਾਂ ਨੂੰ...ਜਿਹੜੇ ਵਕੀਲ ਇਨ੍ਹਾਂ ਖੇਤਰਾਂ ਵਿੱਚ ਹੋਰ ਜ਼ਿਆਦਾ ਪੜ੍ਹਾਈ ਕਰਨੀ ਚਾਹੁੰਦੇ ਹਨ ਉਹ ਇਨ੍ਹਾਂ ਸੈਮੀਨਾਰਾਂ ਵਿੱਚ ਸ਼ਾਮਿਲ ਹੋ ਸਕਦੇ ਹਨ...ਜਿੱਥੋਂ ਤੱਕ ਆਮ ਜਨਤਾ ਨੂੰ ਕਾਨੂੰਨੀ ਵਿੱਦਿਆ ਦੇਣ ਦਾ ਸੁਆਲ ਹੈ ਉਸ ਮੰਤਵ ਦੀ ਪੂਰਤੀ ਅਸੀਂ ਇਸ ਤਰ੍ਹਾਂ ਕਰਾਂਗੇ ਕਿ ਕਮਿਊਨਿਟੀ ਵਿੱਚ ਬਹੁਤ ਸਾਰੇ ਗਰੁੱਪ/ ਸੰਸਥਾਵਾਂ ਸਰਗਰਮ ਹਨ. ਉਨ੍ਹਾਂ ਸਾਹਮਣੇ ਕੋਈ ਸਮੱਸਿਆ ਹੋਵੇਗੀ ਜਾਂ ਉਹ ਕਮਿਊਨਿਟੀ ਨਾਲ ਸਬੰਧਤ ਕਿਸੇ ਮਸਲੇ ਦਾ ਸਾਹਮਣਾ ਕਰ ਰਹੇ ਹਨ ਤਾਂ ਜੇਕਰ ਉਹ ਸਾਡੇ ਤੱਕ ਪਹੁੰਚ ਕਰਨਗੇ ਤਾਂ ਅਸੀਂ ਉਨ੍ਹਾਂ ਨੂੰ ਉਸ ਮਸਲੇ ਬਾਰੇ ਹਰ ਤਰ੍ਹਾਂ ਦੀ ਕਾਨੂੰਨੀ ਜਾਣਕਾਰੀ ਦੇਵਾਂਗੇ...ਅਸੀਂ ਉਨ੍ਹਾਂ ਲਈ ਸੈਮੀਨਾਰ ਵੀ ਦੇ ਸਕਦੇ ਹਾਂ. ਅਸੀਂ ਅਜਿਹੀ ਜਾਣਕਾਰੀ ਦੇ ਸਕਦੇ ਹਾਂ ਕਿ ਕਿਸੇ ਖਾਸ ਕਮਿਊਨਿਟੀ ਵਿੱਚ ਨੌਜੁਆਨ ਕਿਸੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ ਤਾਂ ਉਸ ਕਮਿਊਨਿਟੀ ਦੀਆਂ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਧਿਆਨ ਵਿੱਚ ਰੱਖਕੇ ਉਸ ਕਮਿਊਨਿਟੀ ਦੇ ਨੌਜੁਆਨਾਂ ਨੂੰ ਕਾਨੂੰਨੀ ਮੱਦਦ ਕਿਵੇਂ ਦਿੱਤੀ ਜਾ ਸਕਦੀ ਹੈ ਤਾਂ ਕਿ ਉਹ ਵਧੀਆ ਢੰਗ ਨਾਲ ਆਪਣੀ ਸਮੱਸਿਆ ਦਾ ਹੱਲ ਲੱਭ ਸਕਣ...ਕੋਈ ਸਮੱਸਿਆ ਦਾ ਕਾਨੂੰਨੀ ਤੌਰ ਉੱਤੇ ਹੱਲ ਲੱਭਣ ਲਈ ਜਦੋਂ ਅਸੀਂ ਜਨਤਕ ਤੌਰ ਉੱਤੇ ਕੋਈ ਸੈਮੀਨਾਰ ਦੇਵਾਂਗੇ ਤਾਂ ਉਸ ਸੈਮੀਨਾਰ ਵਿੱਚ ਆਏ ਹੋਏ ਆਮ ਲੋਕ ਸੈਮੀਨਾਰ ਵਿੱਚ ਬੋਲਣ ਵਾਲੇ ਵਕੀਲਾਂ ਤੋਂ ਕਿਸੇ ਵੀ ਨੁਕਤੇ ਉੱਤੇ ਸੁਆਲ ਵੀ ਪੁੱਛ ਸਕਦੇ ਹਨ.

■ **ਸਾਊਥ ਏਸ਼ੀਅਨ ਮੂਲ ਦੇ ਆਮ ਲੋਕਾਂ ਤੱਕ ਪਹੁੰਚਣ ਲਈ ਤੁਸੀਂ ਹੋਰ ਕਿਹੜੇ ਢੰਗ ਵਰਤੋਗੇ?**

□ ਇੱਕ ਢੰਗ ਤਾਂ ਇਹ ਹੋ ਸਕਦਾ ਹੈ ਕਿ ਜੇਕਰ ਕੋਈ ਕਮਿਊਨਿਟੀ ਸੈਂਟਰ ਹੈ ਤਾਂ ਸਾਡੀ ਐਸੋਸੀਏਸ਼ਨ ਨਾਲ ਸਬੰਧਤ ਕੋਈ ਵਕੀਲ ਉੱਥੇ ਜਾ ਕੇ ਘੰਟਾ/ਅੱਧਾ ਘੰਟਾ ਬੈਠ ਸਕਦਾ ਹੈ. ਕਿਸੀ ਨੇ ਕਿਸੀ ਮਸਲੇ ਬਾਰੇ ਕੋਈ ਕਾਨੂੰਨੀ ਜਾਣਕਾਰੀ ਪ੍ਰਾਪਤ ਕਰਨੀ ਹੈ ਤਾਂ ਉਹ ਉਸ ਵਿਅਕਤੀ ਨੂੰ ਉਹ ਜਾਣਕਾਰੀ ਦੇ ਸਕਦਾ ਹੈ...ਜੇ ਕੋਈ ਵਿਅਕਤੀ ਸਾਡੇ ਕੋਲ ਉੱਥੇ ਆਉਂਦਾ ਹੈ ਅਤੇ ਕਹਿੰਦਾ ਹੈ ਕਿ ਮੈਂ ਸਾਊਥ ਏਸ਼ੀਅਨ ਮੂਲ ਦਾ ਹਾਂ ਅਤੇ ਮੈਨੂੰ ਕਿਸੀ ਕਾਰਨ ਕਾਨੂੰਨੀ ਸਹਾਇਤਾ ਦੀ ਲੋੜ ਹੈ ਪਰ ਮੇਰੇ ਕੋਲ ਕਿਸੀ ਵਕੀਲ ਨੂੰ ਦੇਣ ਲਈ ਪੈਸੇ ਨਹੀਂ ਹਨ. ਤਾਂ ਅਸੀਂ ਉਸ ਵਿਅਕਤੀ ਲਈ ਮੁਫਤ ਕਾਨੂੰਨੀ ਸਹਾਇਤਾ ਦਾ ਵੀ ਇੰਤਜ਼ਾਮ ਕਰ ਸਕਦੇ ਹਾਂ.

■ **ਸਾਊਥ ਏਸ਼ੀਅਨ ਮੂਲ ਦੇ ਲੋਕਾਂ ਨੂੰ ਤੁਹਾਡੀ ਐਸੋਸੀਏਸ਼ਨ ਦੇ ਕੀ ਲਾਭ ਹੋਣਗੇ?**

□ ਲਾਭ ਇਸ ਤਰ੍ਹਾਂ ਹਨ ਕਿ ਜੇਕਰ ਅਸੀਂ ਸਾਊਥ ਏਸ਼ੀਅਨ ਮੂਲ ਦੇ ਵਕੀਲਾਂ ਨੂੰ ਐਜੂਕੇਟ ਕਰੀਏ ਤਾਂ ਉਹ ਹੋਰ ਵੀ ਵਧੀਆ ਵਕੀਲ ਬਣ ਸਕਦੇ ਹਨ...ਉਨ੍ਹਾਂ ਕੋਲ ਵਧੀਆ ਸਕਿਲਜ਼ ਵੀ ਹੋ ਜਾਣਗੀਆਂ...ਜੇਕਰ ਸਾਡੇ ਵਕੀਲ ਵਧੀਆ ਹੋਣਗੇ ਤਾਂ ਸਾਰੀ ਕਮਿਊਨਿਟੀ ਦਾ ਇਮੇਜ ਵਧੀਆ ਬਣੇਗਾ...ਦੂਜੀ ਗੱਲ ਕਮਿਊਨਿਟੀ ਇਸ ਗੱਲ ਉੱਤੇ ਮਾਣ ਕਰ ਸਕਦੀ ਹੈ ਕਿ ਉਨ੍ਹਾਂ ਕੋਲ ਸਾਊਥ ਏਸ਼ੀਅਨ ਮੂਲ ਦੇ ਵਕੀਲਾਂ ਦੀ ਇੱਕ ਅਜਿਹੀ ਸੰਸਥਾ ਹੈ ਜਿਸ ਕੋਲ ਉਹ ਕਾਨੂੰਨੀ ਮੱਦਦ ਲਈ ਪਹੁੰਚ ਕਰ ਸਕਦੇ ਹਨ...ਵਕੀਲਾਂ ਦੀ ਸਮਾਜ ਵਿੱਚ ਇੱਕ ਵਿਸ਼ੇਸ਼ ਥਾਂ ਹੁੰਦੀ ਹੈ...ਕਿਉਂਕਿ ਸਾਡੇ ਕੋਲ ਵਧੀਆ ਵਿੱਦਿਆ ਹੁੰਦੀ ਹੈ ਅਤੇ ਵਧੀਆ ਸਕਿਲਜ਼ ਹੁੰਦੇ ਹਨ...ਇਸਦੇ ਨਾਲ ਨਾਲ ਹੀ ਸਾਡੇ ਅਨੇਕਾਂ ਤਰ੍ਹਾਂ ਦੀਆਂ ਸਰਕਾਰੀ ਸੰਸਥਾਵਾਂ ਨਾਲ ਸਬੰਧ ਹੁੰਦੇ ਹਨ ਅਤੇ ਵਿਉਪਾਰਕ ਸੰਸਥਾਵਾਂ ਨਾਲ ਵੀ...ਆਮ ਲੋਕਾਂ ਨੂੰ ਇਨ੍ਹਾਂ ਸਾਰੀਆਂ ਗੱਲਾਂ ਤੋਂ ਕਾਫੀ ਲਾਭ ਹੋ ਸਕਦਾ ਹੈ. ਸਾਡੀ ਐਸੋਸੀਏਸ਼ਨ ਨਾਨ ਪਰਾਫਟੇਬਲ ਐਸੋਸੀਏਸ਼ਨ ਹੈ. ਨਾ ਤਾਂ ਅਸੀਂ ਲੋਕਾਂ ਦੀ ਮੱਦਦ ਕਰਨ ਦੀ ਕੋਈ ਫੀਸ ਮੰਗਦੇ ਹਾਂ...ਸਾਨੂੰ ਤਾਂ ਕੋਈ ਮਸਲਾ ਚਾਹੀਦਾ ਹੈ ਜਿਸ ਉੱਤੇ ਅਸੀਂ ਆਮ ਲੋਕਾਂ ਦੀ ਕਾਨੂੰਨੀ ਮੱਦਦ ਕਰ ਸਕੀਏ...

■ **ਤੁਹਾਡੀ ਐਸੋਸੀਏਸ਼ਨ ਦਾ ਸਾਊਥ ਏਸ਼ੀਅਨ ਮੂਲ ਦੇ ਵਕੀਲਾਂ ਨੂੰ ਕੀ ਲਾਭ ਹੋਵੇਗਾ?**

□ ਸਾਊਥ ਏਸ਼ੀਅਨ ਮੂਲ ਦੇ ਵਕੀਲਾਂ ਨੂੰ ਬਹੁਤ ਲਾਭ ਹੋਣਗੇ. ਸਭ ਤੋਂ ਪਹਿਲਾ ਲਾਭ ਐਜੂਕੇਸ਼ਨ ਦਾ ਹੋਵੇਗਾ. ਜਿੰਨਾਂ ਕੋਈ ਵਕੀਲ ਐਜੂਕੇਟਿਡ ਹੋਵੇ, ਜਿੰਨਾ ਉਹ ਚੇਤੰਨ ਹੋਵੇ, ਜਿੰਨੀਆਂ ਉਸ ਕੋਲ ਜ਼ਿਆਦਾ ਸਕਿਲਜ਼ ਹੋਣ, ਉਨਾਂ ਹੀ ਉਹ ਵਧੀਆ ਵਕੀਲ ਹੋਵੇਗਾ...ਵਕੀਲ ਨੂੰ ਜੇਕਰ ਆਪਣੀ ਵਕਾਲਤ ਕਰਦਿਆਂ ਕਿਸੀ ਤਰ੍ਹਾਂ ਦੀ ਵੀ ਕੋਈ ਕਾਨੂੰਨੀ ਸਲਾਹ ਦੀ ਲੋੜ ਹੋਵੇ, ਕੋਈ ਕਾਨੂੰਨੀ ਮੱਦਦ ਦੀ ਲੋੜ ਹੋਵੇ ਉਹ ਕੈਨੇਡੀਅਨ ਐਸੋਸੀਏਸ਼ਨ ਆਫ ਸਾਊਥ ਏਸ਼ੀਅਨ ਲਾਇਰਜ਼ ਨੂੰ ਮੱਦਦ ਲਈ ਕਹਿ ਸਕਦਾ ਹੈ...ਇਸੇ ਤਰ੍ਹਾਂ ਇੱਕ ਹੋਰ ਲਾਭ ਹੋ ਸਕਦਾ ਹੈ. ਜਿਹੜੇ ਨੌਜੁਆਨ ਸਾਊਥ ਏਸ਼ੀਅਨ ਵਕੀਲ ਹਨ ਉਹ ਗਰੈਜੂਏਸ਼ਨ ਕਰਨ ਤੋਂ ਬਾਹਦ ਨਵੇਂ ਨਵੇਂ ਵਕੀਲ ਬਣੇ ਹੁੰਦੇ ਹਨ ਉਨ੍ਹਾਂ ਦੇ ਅਜੇ ਲਿੰਕ ਨਹੀਂ ਬਣੇ ਹੁੰਦੇ-

ਉਨ੍ਹਾਂ ਨੂੰ ਹਰ ਤਰ੍ਹਾਂ ਦੀ ਮੱਦਦ ਦੀ ਲੋੜ ਹੁੰਦੀ ਹੈ. ਸੋ ਉਨ੍ਹਾਂ ਨੂੰ ਪਤਾ ਨਹੀਂ ਲੱਗਦਾ ਕਿ ਉਹ ਕਾਨੂੰਨ ਦੇ ਕਿਹੜੇ ਖੇਤਰ ਵਿੱਚ ਵਕਾਲਤ ਕਰਨ. ਜਿਹੜੇ ਤਜਰਬੇਕਾਰ ਵਕੀਲ ਹਨ ਉਹ ਨਵੇਂ ਵਕੀਲਾਂ ਦੀ ਰਹਿਨੁਮਾਈ ਕਰ ਸਕਦੇ ਹਨ...ਸਾਡੇ ਵੱਲੋਂ ਇਹ ਐਸੋਸੀਏਸ਼ਨ ਬਨਾਉਣ ਦਾ ਮੂਲ ਮਕਸਦ ਵੀ ਇਹੀ ਸੀ ਕਿ ਸਾਊਥ ਏਸ਼ੀਅਨ ਮੂਲ ਦੇ ਜਿੰਨੇ ਵੀ ਵਕੀਲ ਸਾਨੂੰ ਮਿਲਦੇ ਸਨ ਤਾਂ ਉਹ ਸਾਰੇ ਹੀ ਕਹਿੰਦੇ ਸਨ ਕਿ ਚੀਨੀ ਵਕੀਲਾਂ ਦੀ ਆਪਣੀ ਐਸੋਸੀਏਸ਼ਨ ਹੈ, ਯਹੂਦੀ ਮੂਲ ਦੇ ਵਕੀਲਾਂ ਦੀ ਆਪਣੀ ਇੱਕ ਐਸੋਸੀਏਸ਼ਨ ਹੈ- ਫਿਰ ਕੀ ਕਾਰਨ ਹੈ ਕਿ ਸਾਊਥ ਏਸ਼ੀਅਨ ਮੂਲ ਦੇ ਵਕੀਲਾਂ ਦੀ ਕੋਈ ਐਸੋਸੀਏਸ਼ਨ ਨਹੀਂ ਹੈ? ਫਿਰ ਅਸੀਂ ਇਕੱਠੇ ਹੋ ਕੇ ਕਿਉਂ ਨਹੀਂ ਅਜਿਹੀ ਕਿਸੀ ਸੰਸਥਾ ਦੀ ਉਸਾਰੀ ਕਰਦੇ ਜੋ ਕਿ ਕੈਨੇਡਾ ਵਿੱਚ ਸਾਰੇ ਸਾਊਥ ਏਸ਼ੀਅਨ ਮੂਲ ਦੇ ਵਕੀਲਾਂ ਦੀ ਨੁਮਾਇੰਦਗੀ ਕਰੇ, ਸਾਊਥ ਏਸ਼ੀਅਨ ਕਮਿਊਨਿਟੀ ਦੀ ਪ੍ਰਤੀਨਿਧਤਾ ਕਰ ਸਕੇ...

■ **ਤੁਹਾਡੀ ਐਸੋਸੀਏਸ਼ਨ ਕੈਨੇਡਾ ਵਿੱਚ ਕੰਮ ਕਰ ਰਹੀਆਂ ਵਕੀਲਾਂ ਦੀਆਂ ਹੋਰਨਾਂ ਮੇਨਸਟਰੀਮ ਸੰਸਥਾਵਾਂ ਨਾਲ ਕਿਵੇਂ ਸਬੰਧ ਪੈਦਾ ਕਰੇਗੀ?**

□ ਜਿਹੜੇ ਸਾਡੇ ਵਕੀਲ ਹਨ ਸਾਊਥ ਏਸ਼ੀਅਨ ਮੂਲ ਦੇ ਉਹ ਕੋਈ ਇੱਕਲਤਾ ਵਿੱਚ ਰਹਿ ਕੇ ਕੰਮ ਨਹੀਂ ਕਰਦੇ. ਉਨ੍ਹਾਂ ਨੂੰ ਅਨੇਕਾਂ ਤਰ੍ਹਾਂ ਦੇ ਹੋਰ ਪਰੋਫੈਸ਼ਨਲ ਲੋਕਾਂ ਨਾਲ ਵੀ ਮਿਲਕੇ ਕੰਮ ਕਰਨਾ ਪੈਂਦਾ ਹੈ- ਉਨ੍ਹਾਂ ਨੂੰ ਅਨੇਕਾਂ ਹੋਰਨਾਂ ਕਮਿਊਨਿਟੀਆਂ ਦੇ ਵਕੀਲਾਂ ਨਾਲ ਮਿਲਕੇ ਵੀ ਕੰਮ ਕਰਨਾ ਪੈਂਦਾ ਹੈ. ਸੋ ਜੇਕਰ ਸਾਊਥ ਏਸ਼ੀਅਨ ਮੂਲ ਦੇ ਵਕੀਲ ਚੰਗੇ ਐਜੂਕੇਟਿਡ ਹਨ ਅਤੇ ਉਨ੍ਹਾਂ ਕੋਲ ਚੰਗੀਆਂ ਸਕਿਲਜ਼ ਹਨ ਤਾਂ ਮੇਨ ਸਟਰੀਮ ਦੇ ਜਿਹੜੇ ਵਕੀਲ ਸਾਊਥ ਏਸ਼ੀਅਨ ਮੂਲ ਦੇ ਵਕੀਲਾਂ ਨਾਲ ਮਿਲਕੇ ਕੰਮ ਕਰਦੇ ਹਨ - ਉਨ੍ਹਾਂ ਨੂੰ ਵੀ ਇਸ ਗੱਲ ਦਾ ਲਾਭ ਹੁੰਦਾ ਹੈ. ਸਾਊਥ ਏਸ਼ੀਅਨ ਮੂਲ ਦਾ ਵਕੀਲ ਸਿਰਫ ਸਾਊਥ ਏਸ਼ੀਅਨ ਮੂਲ ਦੇ ਲੋਕਾਂ ਨਾਲ ਹੀ ਵਕਾਲਤ ਨਹੀਂ ਕਰਦਾ ਉਹ ਹੋਰਨਾਂ ਅਨੇਕਾਂ ਕਮਿਊਨਿਟੀਆਂ ਦੇ ਲੋਕਾਂ ਨੂੰ ਵੀ ਕਾਨੂੰਨੀ ਮੱਦਦ ਦਿੰਦਾ ਹੈ ਅਤੇ ਅਨੇਕਾਂ ਹੋਰ ਮੇਨਸਟਰੀਮ ਦੀਆਂ ਕਾਨੂੰਨੀ ਸੰਸਥਾਵਾਂ ਨਾਲ ਮਿਲਕੇ ਵੀ ਕੰਮ ਕਰਦਾ ਹੈ...

■ **ਤੁਹਾਡੀ ਐਸੋਸੀਏਸ਼ਨ ਪ੍ਰਾਂਤਾਂ ਦੀਆਂ ਸਰਕਾਰਾਂ ਨਾਲ ਅਤੇ ਕੈਨੇਡਾ ਸਰਕਾਰ ਨਾਲ ਕਿਵੇਂ ਸਬੰਧ ਪੈਦਾ ਕਰੇਗੀ?**

□ ਸਰਕਾਰ ਦਾ ਇੱਕ ਰੋਲ ਹੁੰਦਾ ਹੈ ਦੇਸ਼ ਵਿੱਚ ਸਭ ਕਿਸਮ ਦੀਆਂ ਕਮਿਊਨਿਟੀਆਂ ਦੇ ਲੋਕਾਂ ਦੇ ਹਿਤਾਂ ਦਾ ਖਿਆਲ ਰੱਖਣਾ. ਪ੍ਰਾਂਤਕ ਸਰਕਾਰਾਂ ਅਤੇ ਕੇਂਦਰੀ ਸਰਕਾਰ ਨਾਲ ਸਾਡਾ ਸਬੰਧ ਪੈਦਾ ਹੋ ਸਕਦਾ ਹੈ ਜਦੋਂ ਵੀ ਲੋਕ ਕਿਸੇ ਮਸਲੇ ਦਾ ਸਾਹਮਣਾ ਕਰ ਰਹੇ ਹੋਣ. ਜਿਵੇਂ ਸਾਊਥ ਏਸ਼ੀਅਨ ਲੋਕ ਘਰੇਲੂ ਹਿੰਸਾ ਦਾ ਸਾਹਮਣਾ ਕਰ ਰਹੇ ਹੋਣ...ਜਦੋਂ ਸਰਕਾਰ ਕਹਿੰਦੀ ਹੈ ਕਿ ਸਾਊਥ ਏਸ਼ੀਅਨ ਮੂਲ ਦੇ ਲੋਕਾਂ ਵਿੱਚ ਘਰੇਲੂ ਹਿੰਸਾ ਦਾ ਮਸਲਾ ਹੈ, ਡੋਡਿਆਂ ਦੀ ਵਰਤੋਂ ਕਰਨ ਦਾ ਮਸਲਾ ਹੈ, ਡਰੱਗ ਸਮਗਲਿੰਗ ਦਾ ਮਸਲਾ ਹੈ- ਸਰਕਾਰ ਸੋਚ ਸਕਦੀ ਹੈ ਕਿ ਅਸੀਂ ਮਸਲੇ ਦਾ ਹੱਲ ਢੂੰਡਣ ਲਈ ਕਿਹੜੀ ਸੰਸਥਾ ਤੱਕ ਪਹੁੰਚ ਕਰੀਏ ਜਿਹੜੀ ਸਾਨੂੰ ਇਸ ਮਸਲੇ ਸਬੰਧੀ ਸਾਊਥ ਏਸ਼ੀਅਨ ਕਮਿਊਨਿਟੀ ਸਬੰਧੀ ਸਹੀ ਜਾਣਕਾਰੀ ਦੇ ਸਕੇ, ਜਿਹੜੀ ਸੰਸਥਾ ਇਸ ਮਸਲੇ ਨੂੰ ਹੱਲ ਕਰਨ ਲਈ ਸਾਡੇ ਨਾਲ ਮਿਲਕੇ ਕੰਮ ਕਰਨ ਲਈ ਤਿਆਰ ਹੋਵੇ...ਉਹ ਸਾਨੂੰ ਫੋਨ ਕਰ ਸਕਦੀ ਹੈ ਕਿ ਇਸ ਸੰਸਥਾ ਨੂੰ ਪੁੱਛੀਏ ਜੇਕਰ ਇਹ ਸੰਸਥਾ ਏਸ਼ੀਅਨ ਮੂਲ ਦੇ ਵਕੀਲਾਂ ਦੀ ਇਹ ਸੰਸਥਾ ਸਾਡੀ ਮੱਦਦ ਕਰ ਸਕੇ ਅਤੇ ਉਸ ਸੰਸਥਾ ਨੂੰ ਪੁੱਛੀਏ ਕਿ ਸਾਊਥ ਏਸ਼ੀਅਨ ਕਮਿਊਨਿਟੀ ਇਸ ਮਸਲੇ ਦਾ ਸਾਹਮਣਾ ਕਿਸ ਤਰ੍ਹਾਂ ਕਰ ਰਹੀ ਹੈ- ਤੁਸੀਂ ਸਾਨੂੰ ਦੱਸੋ ਕਿ ਇਸ ਮਸਲੇ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ? ਤੁਹਾਡੀ ਐਸੋਸੀਏਸ਼ਨ ਸਾਡੀ ਕਿਸ ਤਰ੍ਹਾਂ ਮੱਦਦ ਕਰ ਸਕਦੀ ਹੈ? ਇਸ ਮਸਲੇ ਨੂੰ ਹੱਲ ਕਰਨ ਲਈ ਸਾਊਥ ਏਸ਼ੀਅਨ ਕਮਿਊਨਿਟੀ ਤੱਕ ਸਾਨੂੰ ਕਿਸ ਤਰ੍ਹਾਂ ਪਹੁੰਚ ਕਰਨੀ ਚਾਹੀਦੀ ਹੈ- ਇਸ ਸਬੰਧੀ ਤੁਹਾਡੀ ਐਸੋਸੀਏਸ਼ਨ ਸਾਡੀ ਕਿਸ ਤਰ੍ਹਾਂ ਰਹਿਨੁਮਾਈ ਕਰ ਸਕਦੀ ਹੈ?

■ **ਚਾਹਲ ਸਾਹਿਬ, ਇੱਕ ਤਾਂ ਤੁਸੀਂ ਕਿਹਾ ਹੈ ਕਿ ਜਿਹੜੀਆਂ ਸਰਕਾਰਾਂ ਹਨ - ਜਿਹੜੀਆਂ ਚਾਹੇ ਤਾਂ ਪ੍ਰਾਂਤਕ ਹਨ ਅਤੇ ਚਾਹੇ ਫੈਡਰਲ ਸਰਕਾਰ ਹੈ - ਉਹ ਤੁਹਾਡੀ ਐਸੋਸੀਏਸ਼ਨ ਤੱਕ ਪਹੁੰਚ ਕਰ ਸਕਦੀਆਂ ਹਨ. ਦੂਜੇ ਪਾਸੇ ਮੇਰਾ ਸੁਆਲ ਹੈ ਕਿ ਜਿਵੇਂ ਸਾਊਥ ਏਸ਼ੀਅਨ ਲੋਕਾਂ ਦੀਆਂ ਸਮੱਸਿਆਵਾਂ ਦਾ ਤੁਸੀਂ ਜ਼ਿਕਰ ਕੀਤਾ ਹੈ ਕਿ ਉਨ੍ਹਾਂ ਨੂੰ ਡਰੱਗ ਸਮਗਲਿੰਗ ਦੀ ਬਹੁਤ ਸਮੱਸਿਆ ਆ ਰਹੀ ਹੈ, ਕੋਈ ਹਫਤਾ ਹੀ ਖਾਲੀ ਜਾਂਦਾ ਹੈ ਜਦੋਂ ਕੋਈ ਪੰਜਾਬੀ ਟਰੱਕ ਡਰਾਈਵਰ ਅਮਰੀਕਾ-ਕੈਨੇਡਾ ਦਾ ਬਾਰਡਰ ਪਾਰ ਕਰਦਿਆਂ ਡਰੱਗ ਸਮਗਲਿੰਗ ਕਰਦਾ ਨਾ ਫੜਿਆ ਗਿਆ ਹੋਵੇ. ਬ੍ਰਿਟਿਸ਼ ਕੋਲੰਬੀਆ ਵਿੱਚ ਅਤੇ ਓਨਟਾਰੀਓ ਵਿੱਚ ਅਸੀਂ ਦੇਖਦੇ ਹਾਂ ਕਿ ਸਾਊਥ ਏਸ਼ੀਅਨ ਮੂਲ ਦਾ ਯੁਵਕ ਕਰਾਈਮ ਵਿੱਚ ਬਹੁਤ ਸ਼ਾਮਿਲ ਹੋ ਰਿਹਾ ਹੈ. ਡੋਡਿਆਂ ਦੀ ਸਮੱਸਿਆ ਦਾ ਤੁਸੀਂ ਹੁਣੇ ਹੀ ਜ਼ਿਕਰ ਕੀਤਾ ਹੈ. ਅਜਿਹੇ ਮਸਲਿਆਂ ਬਾਰੇ ਜਦੋਂ ਪ੍ਰਾਂਤਕ ਸਰਕਾਰਾਂ ਨੇ ਜਾਂ ਫੈਡਰਲ ਸਰਕਾਰ ਨੇ ਕੋਈ ਨਵਾਂ ਕਾਨੂੰਨ ਬਨਾਉਣਾ ਹੁੰਦਾ ਹੈ ਜਾਂ ਸਰਕਾਰ ਚਾਹੁੰਦੀ ਹੈ ਕਿ ਸਾਨੂੰ ਦੱਸਿਆ ਜਾਵੇ ਕਿ ਇਸ ਸਮੱਸਿਆ ਨਾਲ ਕਿਵੇਂ ਨਿਪਟਿਆ ਜਾਵੇ ਤਾਂ ਤੁਹਾਡੀ ਐਸੋਸੀਏਸ਼ਨ ਕੀ ਉਸ ਮਸਲੇ ਬਾਰੇ ਆਪਣੀ ਕੋਈ ਪਰੈੱਸ ਰੀਲੀਜ਼ ਵੀ ਜਾਰੀ ਕਰਿਆ ਕਰੇਗੀ? ਤਾਂ ਜੋ ਸਰਕਾਰਾਂ ਨੂੰ ਪਤਾ ਲੱਗ ਸਕੇ ਕਿ ਤੁਹਾਡਾ ਇਸ ਮਸਲੇ ਬਾਰੇ ਇਹ ਸਟੈਂਡ ਹੈ ਅਤੇ ਤੁਸੀਂ ਸਰਕਾਰ ਨੂੰ ਦੱਸੋਗੇ ਕਿ ਇਸ ਮਸਲੇ ਨਾਲ ਇਸ ਤਰ੍ਹਾਂ ਨਿਪਟਿਆ ਜਾਣਾ ਚਾਹੀਦਾ ਹੈ?**

□ ਜਦੋਂ ਕੋਈ ਮਸਲਾ ਹੈ ਜੋ ਸਾਊਥ ਏਸ਼ੀਅਨ ਕਮਿਊਨਿਟੀ ਨੂੰ ਪ੍ਰਭਾਵਿਤ ਕਰ ਰਿਹਾ ਹੈ ਸਾਨੂੰ ਉਸ ਮਸਲੇ ਬਾਰੇ ਆਪਣਾ ਕੋਈ ਸਟੈਂਡ ਲੈਣਾ ਪਵੇਗਾ. ਜਿਵੇਂ ਮੈਂ ਪਹਿਲਾਂ ਵੀ ਕਿਹਾ ਕਿ ਸਮਾਜ ਵਿੱਚ ਸਾਡੀ ਇੱਕ ਵਿਸ਼ੇਸ਼ ਥਾਂ ਹੈ - ਅਸੀਂ ਬੜੇ ਪੜ੍ਹੇ ਲਿਖੇ ਲੋਕ ਹਾਂ - ਸਾਡੇ ਕੋਲ ਅਨੇਕਾਂ ਤਰ੍ਹਾਂ ਦੀਆਂ ਸਕਿਲਜ਼ ਹਨ - ਸੋ ਅਸੀਂ ਸਰਕਾਰ ਤੱਕ ਪਹੁੰਚ ਕਰ ਸਕਦੇ ਹਾਂ. ਜੇਕਰ ਸਰਕਾਰ ਕੋਈ ਨਵਾਂ ਕਾਨੂੰਨ ਬਨਾਉਣ ਜਾ ਰਹੀ ਹੈ. ਅਸੀਂ ਕਹਿ ਸਕਦੇ ਹਾਂ ਕਿ ਸਾਡੀ ਕਮਿਊਨਿਟੀ ਇਸ ਮਸਲੇ ਬਾਰੇ ਸਾਨੂੰ ਇਹ ਰਾਇ ਦੇ ਰਹੀ ਹੈ. ਇਸ ਲਈ ਅਸੀਂ ਸਰਕਾਰੀ ਨੁਮਾਇੰਦਿਆਂ ਨਾਲ ਇੱਕ ਬੈਠਕ ਕਰਨੀ ਚਾਹੁੰਦੇ ਹਾਂ ਤਾਂ ਜੁ ਉਨ੍ਹਾਂ ਨਾਲ ਇਸ ਮਸਲੇ ਬਾਰੇ ਵਿਚਾਰ ਵਿਟਾਂਦਰਾ ਕਰ ਸਕੀਏ. ਵਿਸ਼ੇਸ਼ ਕਰਕੇ ਜਿਹੜੀ ਕਮੇਟੀ ਨੇ ਇਸ ਮਸਲੇ ਬਾਰੇ ਕਾਨੂੰਨ ਬਨਾਉਣ ਲਈ ਪੇਸ਼ ਕੀਤੇ ਜਾਣ ਵਾਲੇ ਬਿਲ ਦਾ ਡਰਾਫਟ ਤਿਆਰ ਕਰਨਾ ਹੈ. ਅਸੀਂ ਉਸ ਕਮੇਟੀ ਨੂੰ ਕਮਿਊਨਿਟੀ ਵੱਲੋਂ ਦਿੱਤੀ ਗਈ ਰਾਇ ਤੋਂ ਜਾਣੂੰ ਕਰਵਾਉਣਾ ਚਾਹੁੰਦੇ ਹਾਂ. ਇਸੇ ਤਰ੍ਹਾਂ ਜੇਕਰ ਸਰਕਾਰ ਨੇ ਕੋਈ ਨਵਾਂ ਕਾਨੂੰਨ ਬਣਾਇਆ ਹੈ - ਉਦਾਹਰਣ ਲਈ ਜਿਵੇਂ ਜੇਕਰ ਸਰਕਾਰ ਨੇ ਇਮੀਗਰੇਸ਼ਨ ਸਬੰਧੀ ਕੋਈ ਕਾਨੂੰਨ ਬਣਾਇਆ ਹੋਵੇ. ਜੇਕਰ ਉਹ ਕਾਨੂੰਨ ਸਾਡੀ ਕਮਿਊਨਿਟੀ ਦੀ ਨਿਗਾਹ ਵਿੱਚ ਚੰਗਾ ਕਾਨੂੰਨ ਨਹੀਂ ਤਾਂ ਅਸੀਂ ਸਰਕਾਰੀ ਨੁਮਾਇੰਦਿਆਂ ਨੂੰ ਮਿਲਕੇ ਉਨ੍ਹਾਂ ਤੱਕ ਇਹ ਵਿਚਾਰ ਪਹੁੰਚਾ ਸਕਦੇ ਹਾਂ ਕਿ ਇਸ ਕਾਨੂੰਨ ਦਾ ਸਾਡੀ ਕਮਿਊਨਿਟੀ ਉੱਤੇ ਕਿਸ ਤਰ੍ਹਾਂ ਮਾੜਾ ਪ੍ਰਭਾਵ ਪਵੇਗਾ...ਇਸ ਸਮੇਂ ਮੈਂ ਸਿਰਫ ਸਾਊਥ ਏਸ਼ੀਅਨ ਮੂਲ ਦੇ ਵਕੀਲਾਂ ਦੀ ਹੀ ਗੱਲ ਨਹੀਂ ਕਰ ਰਿਹਾ ਬਲਕਿ ਕੈਨੇਡਾ ਵਿੱਚ ਰਹਿ ਰਹੇ ਸਾਰੇ ਹੀ ਸਾਊਥ ਏਸ਼ੀਅਨ ਮੂਲ ਦੇ ਲੋਕਾਂ ਦੀ ਗੱਲ ਕਰ ਰਿਹਾ ਹਾਂ. ਅਸੀਂ ਸਰਕਾਰ ਨੂੰ ਉਹ ਸਾਰੇ ਕਾਰਨ ਦੱਸ ਸਕਦੇ ਹਾਂ ਜਿਨ੍ਹਾਂ ਕਰਕੇ ਇਹ ਇਮੀਗਰੇਸ਼ਨ ਕਾਨੂੰਨ ਸਾਊਥ ਏਸ਼ੀਅਨ ਕਮਿਊਨਿਟੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰੇਗਾ. ਇਸ ਲਈ ਇਸ ਕਾਨੂੰਨ ਵਿੱਚ ਕੁਝ ਤਬਦੀਲੀਆਂ ਕਰਨ ਦੀ ਲੋੜ ਹੈ...ਕਮਿਊਨਿਟੀ ਵਿੱਚ ਲੋਕਾਂ ਦੇ ਅਨੇਕਾਂ ਨਿੱਜੀ ਮਸਲੇ ਹੁੰਦੇ ਹਨ...ਅਸੀਂ ਉਹ ਸਾਰੇ ਮਸਲੇ ਇਕੱਠੇ ਕਰਕੇ ਸਰਕਾਰ ਤੱਕ ਪਹੁੰਚਾ ਸਕਦੇ ਹਾਂ.

■ **ਨੇੜੇ ਦੇ ਭਵਿੱਖ ਲਈ ਤੁਹਾਡੇ ਕਿਹੜੇ ਨਿਸ਼ਾਨੇ ਹਨ?**

□ ਜਿਵੇਂ ਮੈਂ ਪਹਿਲਾਂ ਵੀ ਕਹਿ ਕੇ ਹਟਿਆ ਹਾਂ ਕਿ ਸਾਡੇ ਮੁੱਖ ਨਿਸ਼ਾਨੇ ਹਨ: ਵਕੀਲਾਂ ਦੀ ਐਜੂਕੇਸ਼ਨ, ਪਬਲਿਕ ਐਜੂਕੇਸ਼ਨ - ਜਿਵੇਂ ਡੋਡਿਆਂ ਦੀ ਵਰਤੋਂ ਦਾ ਮਸਲਾ ਹੈ. ਇਹ ਮਸਲਾ ਇਸ ਵੇਲੇ ਸਾਊਥ ਏਸ਼ੀਅਨ ਕਮਿਊਨਿਟੀ ਵਿੱਚ ਬੜਾ ਭੱਖਵਾਂ ਮਸਲਾ ਬਣ ਚੁੱਕਾ ਹੈ. ਅਸੀਂ ਸੋਚ ਰਹੇ ਹਾਂ ਕਿ ਇਸ ਮਸਲੇ ਨਾਲ ਕਿਸ ਤਰ੍ਹਾਂ ਨਿਪਟਿਆ ਜਾਵੇ. ਅਸੀਂ ਇਸ ਮਸਲੇ ਬਾਰੇ ਮਿਸੀਸਾਗਾ, ਬਰੈਮਪਟਨ, ਟੋਰਾਂਟੋ ਸ਼ਹਿਰਾਂ ਦੀਆਂ ਸਥਾਨਕ ਸਰਕਾਰਾਂ ਤੱਕ ਵੀ ਪਹੁੰਚ ਕਰਨੀ ਚਾਹੁੰਦੇ ਹਾਂ ਅਤੇ ਓਨਟਾਰੀਓ ਸਰਕਾਰ ਤੱਕ ਵੀ. ਤਾਂ ਕਿ ਅਸੀਂ ਇਸ ਮਸਲੇ ਬਾਰੇ ਸਰਕਾਰ ਨਾਲ ਖੁੱਲ੍ਹ ਕੇ ਵਿਚਾਰ ਵਿਟਾਂਦਰਾ ਕਰ ਸਕੀਏ...ਇਸ ਤਰ੍ਹਾਂ ਇਸ ਮਸਲੇ ਨਾਲ ਚੰਗੀ ਤਰ੍ਹਾਂ ਨਿਪਟਣਾ ਵੀ ਸਾਡੇ ਮੁੱਖ ਨਿਸ਼ਾਨਿਆਂ ਵਿੱਚ ਸ਼ਾਮਿਲ ਹੈ...ਇਸ ਤਰ੍ਹਾਂ ਡਰੱਗ ਸਮਗਲਿੰਗ ਦਾ ਮਸਲਾ ਹੈ...ਜਾਂ ਯੂਥ ਕਰਾਈਮ ਦਾ ਮਸਲਾ ਹੈ. ਇਹ ਸਾਰੇ ਮਸਲੇ ਸਾਡੀ ਕਮਿਊਨਿਟੀ ਵਿੱਚ ਬੜੇ ਭੱਖਵੇਂ ਮਸਲੇ ਹਨ. ਇਸ ਸਮੇਂ...ਦੇਖੋ ਵੈਨਕੂਵਰ ਵਿੱਚ ਕੀ ਹਾਲਾਤ ਹਨ...ਅਸੀਂ ਚਾਹੁੰਦੇ ਹਾਂ ਕਿ ਅਜਿਹੇ ਮਸਲਿਆਂ ਨੂੰ ਅਸੀਂ ਹੁਣੇ ਹੀ ਲੋਕ-ਚਰਚਾ ਦਾ ਵਿਸ਼ਾ ਬਣਾਈਏ. ਇਹ ਨਾ ਹੋਵੇ ਕਿ ਅਸੀਂ 5-10 ਸਾਲ ਤੱਕ ਐਵੇਂ ਸੋਚਦੇ ਹੀ ਰਹਿ ਜਾਈਏ ਅਤੇ ਜਦੋਂ ਤੱਕ ਇਹ ਮਸਲੇ ਇੰਨੇ ਗੰਭੀਰ ਹੋ ਜਾਣ ਕਿ ਇਨ੍ਹਾਂ ਉੱਤੇ ਕਾਬੂ ਪਾਉਣਾ ਹੀ ਮੁਸ਼ਕਿਲ ਹੋ ਜਾਵੇ?

■ **ਚਾਹਲ ਸਾਹਿਬ, ਤੁਸੀਂ ਬੜੀ ਮਹੱਤਵ-ਪੂਰਨ ਗੱਲ ਕੀਤੀ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿੱਚ ਇੰਨੇ ਵਰ੍ਹੇ ਇਨ੍ਹਾਂ ਮਸਲਿਆਂ ਵੱਲ ਧਿਆਨ ਹੀ ਨਹੀਂ ਦਿੱਤਾ ਗਿਆ ਅਤੇ ਸਾਊਥ ਏਸ਼ੀਅਨ ਕਮਿਊਨਿਟੀ ਦੇ 100 ਤੋਂ ਵੱਧ ਯੁਵਕ ਡਰੱਗ ਗੈਂਗਸਟਰਾਂ ਦੀ ਖ਼ੂਨੀ ਲੜਾਈ ਵਿੱਚ ਮਾਰੇ ਗਏ ਹਨ. ਅਸੀਂ ਮੀਡਿਆ ਵਿੱਚ ਹਰ ਰੋਜ਼ ਪੜ੍ਹਦੇ/ਸੁਣਦੇ/ਦੇਖਦੇ ਹਾਂ ਕਿ ਉਹੀ ਸਮੱਸਿਆ ਜੋ ਬ੍ਰਿਟਿਸ਼ ਕੋਲੰਬੀਆ ਵਿੱਚ ਏਨੀ ਖਤਰਨਾਕ ਰੂਪ ਅਖਤਿਆਰ ਕਰ ਚੁੱਕੀ ਹੈ ਹੌਲੀ ਹੌਲੀ ਓਨਟਾਰੀਓ ਵਿੱਚ ਵੀ ਆਪਣੇ ਪੈਰ ਲਗਾ ਰਹੀ ਹੈ. ਕਿਉਂਕਿ ਜਿਹੜਾ ਪੰਜਾਬੀ ਡਰੱਗ ਮਾਫੀਆ ਹੈ ਉਹ ਬ੍ਰਿਟਿਸ਼ ਕੋਲੰਬੀਆ ਵਿੱਚ ਬਹੁਤ ਤਾਕਤਵਰ ਹੈ - ਉਹੀ ਪੰਜਾਬੀ ਡਰੱਗ ਮਾਫ਼ੀਆ ਹੁਣ ਓਨਟਾਰੀਓ ਵਿੱਚ ਵੀ ਆਪਣੀਆਂ ਜੜ੍ਹਾਂ ਲਗਾਉਣ ਲਈ ਯਤਨਸ਼ੀਲ ਹੋ ਰਿਹਾ ਹੈ. ਬ੍ਰਿਟਿਸ਼ ਕੋਲੰਬੀਆ ਵਰਗੀਆਂ ਹੀ ਸਮੱਸਿਆਵਾਂ ਹੌਲੀ ਹੌਲੀ ਓਨਟਾਰੀਓ ਵਿੱਚ ਵੀ ਪੈਦਾ ਹੋ ਰਹੀਆਂ ਹਨ. ਅਜਿਹੇ ਮਸਲਿਆਂ ਬਾਰੇ ਪਬਲਿਕ ਨੂੰ ਐਜੂਕੇਟ ਕਰਨ ਲਈ ਅਤੇ ਸਰਕਾਰਾਂ ਨੂੰ ਅਜਿਹੇ ਮਸਲਿਆਂ ਬਾਰੇ ਲੋੜੀਂਦੀ ਜਾਣਕਾਰੀ ਦੇਣ ਲਈ ਵੀ ਕੀ ਤੁਹਾਡੀ ਐਸੋਸੀਏਸ਼ਨ ਕੁਝ ਕਦਮ ਚੁੱਕੇਗੀ?**

□ ਜਿਵੇਂ ਮੈਂ ਪਹਿਲਾਂ ਵੀ ਇਹ ਗੱਲ ਕਹਿਕੇ ਹਟਿਆ ਹਾਂ ਕਿ ਜਿਸ ਤਰ੍ਹਾਂ ਦੇ ਭੱਖਵੇਂ ਮਸਲਿਆਂ ਬਾਰੇ ਮੈਂ ਜ਼ਿਕਰ ਕੀਤਾ ਹੈ - ਸਾਊਥ ਏਸ਼ੀਅਨ ਕਮਿਊਨਿਟੀ ਨੂੰ ਉਸ ਸਬੰਧੀ ਕਿਸੇ ਕਿਸਮ ਦੀ ਵੀ ਕਾਨੂੰਨੀ ਸਲਾਹ ਦੀ ਲੋੜ ਹੈ ਤਾਂ ਉਹ ਸਾਡੀ ਐਸੋਸੀਏਸ਼ਨ ਤੱਕ ਬਿਨ੍ਹਾਂ ਕਿਸੀ ਝਿਜਕ ਦੇ ਪਹੁੰਚ ਕਰ ਸਕਦੇ ਹਨ - ਸਾਊਥ ਏਸ਼ੀਅਨ ਕਮਿਊਨਿਟੀ ਦੇ ਲੋਕਾਂ ਦੀ ਮੱਦਦ ਕਰਕੇ ਸਾਡੀ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਬਹੁਤ ਖੁਸ਼ੀ ਹੋਵੇਗੀ.

■ **ਚਾਹਲ ਸਾਹਿਬ, ਮੁਲਾਕਾਤ ਦੇ ਅੰਤ ਉੱਥੇ ਕੋਈ ਹੋਰ ਗੱਲ ਕਹਿਣੀ ਚਾਹੋ ਤਾਂ ਕਹਿ ਸਕਦੇ ਹੋ?**

□ ਮੁਲਾਕਾਤ ਦੇ ਅੰਤ ਉੱਤੇ ਮੈਂ ਇਹ ਕਹਿਣਾ ਚਾਹਾਂਗਾ ਕਿ ਸਾਡੀ ਐਸੋਸੀਏਸ਼ਨ ਬਹੁਤ ਵਧੀਆ ਢੰਗ ਨਾਲ ਕੰਮ ਕਰ ਰਹੀ ਹੈ. ਮੈਂ ਇਸ ਐਸੋਸੀਏਸ਼ਨ ਦੇ ਅਹੁਦੇਦਾਰਾਂ ਦੇ ਨਾਮ ਦੱਸਣੇ ਚਾਹਾਂਗਾ. ਉਨ੍ਹਾਂ ਵਿੱਚ ਸ਼ਾਮਿਲ ਹਨ: ਜਸ ਮਾਂਗਟ (ਪ੍ਰਧਾਨ), ਪਰਮ ਪਰਾਸ਼ਾਦ (ਮੀਤ ਪ੍ਰਧਾਨ), ਜੋਗਾ ਚਾਹਲ (ਮੀਤ ਪ੍ਰਧਾਨ), ਇੰਦਰਬੀਰ ਅਰੋੜਾ (ਖਜ਼ਾਨਚੀ) ਅਤੇ ਰਾਜ ਸ਼ਾਰਦਾ (ਸੈਕ੍ਰੇਟਰੀ). ਇਸੇ ਤਰਾਂ ਬੋਰਡ ਆਫ ਡਾਇਰੈਕਟਰਾਂ ਵਿੱਚ ਸ਼ਾਮਿਲ ਹਨ: ਸ਼ਾਂਥੀ ਦੇਵਆਨੰਦ, ਸਰਤਾਜ ਢਿੱਲੋਂ, ਸੰਦੀਪ ਜੌਹਲ, ਪ੍ਰੀਤ ਜੌਹਲ, ਸੁਨੀਤਾ ਮਲਿਕ ਅਤੇ ਪਰਵਿੰਦਰ ਸੌਂਦ.

■

**(Toronto, Ontario, Canada)**